ਮਿੱਠੇ ਬੱਚੇ:- "ਮਿੱਠੇ ਬੱਚੇ:- ਅਪਾਰ ਖੁਸ਼ੀ ਜਾਂ ਨਸ਼ੇ ਵਿੱਚ ਰਹਿਣ ਦੇ ਲਈ ਦੇਹ - ਅਭਿਮਾਨ ਦੀ ਬਿਮਾਰੀ ਛੱਡ ਪ੍ਰੀਤ ਬੁੱਧੀ ਬਣੋ, ਆਪਣੀ ਚਲਨ ਸੁਧਾਰੋ"

ਪ੍ਰਸ਼ਨ:- ਕਿਹੜੇ ਬੱਚਿਆਂ ਨੂੰ ਗਿਆਨ ਦਾ ਉਲਟਾ ਨਸ਼ਾ ਨਹੀਂ ਚੜ੍ਹ ਸਕਦਾ ਹੈ?

ਉੱਤਰ:- ਜੋ ਬਾਪ ਨੂੰ ਪੂਰੀ ਤਰ੍ਹਾਂ ਜਾਣਕੇ ਯਾਦ ਕਰਦੇ ਹਨ, ਦਿਲ ਨਾਲ ਬਾਪ ਦੀ ਮਹਿਮਾ ਕਰਦੇ ਹਨ, ਜਿਨ੍ਹਾਂ ਦਾ ਪੜ੍ਹਾਈ ਤੇ ਪੂਰਾ ਧਿਆਨ ਹੈ ਉਨ੍ਹਾਂ ਨੂੰ ਗਿਆਨ ਦਾ ਉਲਟਾ ਨਸ਼ਾ ਨਹੀਂ ਚੜ੍ਹ ਸਕਦਾ। ਜੋ ਬਾਪ ਨੂੰ ਸਾਧਾਰਨ ਸਮਝਦੇ ਹਨ ਉਹ ਬਾਪ ਨੂੰ ਯਾਦ ਕਰ ਨਹੀਂ ਸਕਦੇ। ਯਾਦ ਕਰਨ ਤਾਂ ਆਪਣਾ ਸਮਾਚਾਰ ਵੀ ਬਾਪ ਨੂੰ ਜ਼ਰੂਰ ਦੇਣ। ਬੱਚੇ ਆਪਣਾ ਸਮਾਚਾਰ ਨਹੀਂ ਦਿੰਦੇ ਤਾਂ ਬਾਪ ਨੂੰ ਖ਼ਿਆਲ ਚੱਲਦਾ ਕਿ ਬੱਚਾ ਕਿੱਥੇ ਮੁਰਛਿਤ ਤਾਂ ਨਹੀਂ ਹੋ ਗਿਆ?

ਓਮ ਸ਼ਾਂਤੀ:- ਬਾਪ ਬੈਠ ਬੱਚਿਆਂ ਨੂੰ ਸਮਝਾਉਂਦੇ ਹਨ - ਬੱਚੇ, ਜਦੋਂ ਕੋਈ ਨਵਾਂ ਆਉਂਦਾ ਹੈ ਤਾਂ ਉਨ੍ਹਾਂ ਨੂੰ ਪਹਿਲੇ ਹੱਦ ਅਤੇ ਬੇਹੱਦ, ਦੋ ਬਾਪ ਦਾ ਪਰਿਚੈ ਦਿਓ। ਬੇਹੱਦ ਦਾ ਬਾਬਾ ਮਤਲਬ ਬੇਹੱਦ ਦੀ ਆਤਮਾਵਾਂ ਦਾ ਬਾਪ। ਉਹ ਹੱਦ ਦਾ ਬਾਪ, ਹਰੇਕ ਜੀਵ ਆਤਮਾ ਦਾ ਵੱਖ ਹੈ। ਇਹ ਨਾਲੇਜ਼ ਵੀ ਸਾਰੇ ਇੱਕਰਸ ਧਾਰਨ ਨਹੀਂ ਕਰ ਸਕਦੇ। ਕਈ ਇੱਕ ਪਰਸੈਂਟ, ਕਈ 95 ਪਰਸੈਂਟ ਧਾਰਨ ਕਰਦੇ ਹਨ। ਇਹ ਤਾਂ ਸਮਝ ਦੀ ਗੱਲ ਹੈ, ਸੂਰਜਵੰਸ਼ੀ, ਚੰਦ੍ਰਵੰਸ਼ੀ ਘਰਾਣਾ ਹੋਵੇਗਾ ਨਾ। ਰਾਜਾ, ਰਾਣੀ ਅਤੇ ਪ੍ਰਜਾ। ਪ੍ਰਜਾ ਵਿੱਚ ਸਾਰੇ ਤਰ੍ਹਾਂ ਦੇ ਮਨੁੱਖ ਹੁੰਦੇ ਹਨ। ਪ੍ਰਜਾ ਮਤਲਬ ਹੀ ਪ੍ਰਜਾ। ਬਾਪ ਸਮਝਾਉਂਦੇ ਹਨ ਇਹ ਪੜ੍ਹਾਈ ਹੈ, ਹਰ ਇੱਕ ਆਪਣੀ ਬੁੱਧੀ ਅਨੁਸਾਰ ਹੀ ਪੜ੍ਹਦੇ ਹਨ। ਹਰ ਇੱਕ ਨੂੰ ਆਪਣਾ - ਆਪਣਾ ਪਾਰ੍ਟ ਮਿਲਿਆ ਹੋਇਆ ਹੈ। ਜਿਸਨੇ ਕਲਪ ਪਹਿਲੇ ਜਿੰਨੀ ਪੜ੍ਹਾਈ ਧਾਰਨ ਕੀਤੀ ਹੈ, ਉਣੀ ਹੁਣ ਵੀ ਕਰਦੇ ਹਨ। ਪੜ੍ਹਾਈ ਕਦੀ ਲੁਕੀ ਨਹੀਂ ਰਹਿ ਸਕਦੀ ਹੈ। ਪੜ੍ਹਾਈ ਅਨੁਸਾਰ ਪਦ ਵੀ ਮਿਲਦਾ ਹੈ। ਬਾਪ ਨੇ ਸਮਝਾਇਆ ਹੈ, ਅੱਗੇ ਚੱਲ ਇਮਤਿਹਾਨ ਹੋਵੇਗਾ। ਬਗ਼ੈਰ ਇਮਤਿਹਾਨ ਦੇ ਟ੍ਰਾਂਸਫਰ ਹੋ ਨਾ ਸੱਕਣ। ਤਾਂ ਪਿਛਾੜੀ ਵਿੱਚ ਸਭ ਪਤਾ ਪਵੇਗਾ। ਪਰ ਹੁਣ ਵੀ ਸਮਝ ਸਕਦੇ ਹੋ ਅਸੀਂ ਕਿਸ ਪਦ ਦੇ ਲਾਇਕ ਹਾਂ? ਭਾਵੇਂ ਲੱਜਾ ਦੇ ਮਾਰੇ ਸਾਰੇ ਹੱਥ ਚੁੱਕ ਲੈਂਦੇ ਹਨ ਪਰ ਸਮਝ ਸਕਦੇ ਹਨ, ਇਵੇਂ ਦੇ ਅਸੀਂ ਕਿਵੇਂ ਬਣ ਸਕਦੇ ਹਾਂ! ਫੇਰ ਵੀ ਹੱਥ ਚੁੱਕ ਦਿੰਦੇ ਹਨ। ਇਹ ਵੀ ਅਗਿਆਨ ਹੀ ਕਹਾਂਗੇ। ਬਾਪ ਤਾਂ ਝੱਟ ਸਮਝ ਜਾਂਦੇ ਹਨ ਕਿ ਇਸਤੋਂ ਤਾਂ ਜ਼ਿਆਦਾ ਅਕਲ ਲੌਕਿਕ ਸਟੂਡੈਂਟ ਵਿੱਚ ਹੁੰਦੀ ਹੈ। ਉਹ ਸਮਝਦੇ ਹਨ ਅਸੀਂ ਸਕਾਲਰਸ਼ਿਪ ਲੈਣ ਲਾਇਕ ਨਹੀਂ ਹਾਂ, ਪਾਸ ਨਹੀਂ ਹੋਵਾਂਗੇ। ਉਹ ਸਮਝਦੇ ਹਨ, ਟੀਚਰ ਜੋ ਪੜ੍ਹਾਉਂਦੇ ਹਨ ਉਸ ਵਿੱਚ ਅਸੀਂ ਕਿੰਨੇ ਨੰਬਰ ਲਵਾਂਗੇ? ਇਵੇਂ ਥੋੜ੍ਹੇਹੀ ਕਹਿਣਗੇ ਕਿ ਅਸੀਂ ਪਾਸ ਵਿਦ ਆਨਰ ਹੋਵਾਂਗੇ। ਇੱਥੇ ਤਾਂ ਕਈ ਬੱਚਿਆਂ ਵਿੱਚ ਇੰਨੀ ਵੀ ਅਕਲ ਨਹੀਂ ਹੈ, ਦੇਹ - ਅਭਿਮਾਨ ਬਹੁਤ ਹੈ। ਭਾਵੇਂ ਆਏ ਹਨ ਇਹ (ਦੇਵਤਾ) ਬਣਨ ਦੇ ਲਈ ਪਰ ਇਵੇਂ ਦੀ ਚਲਨ ਵੀ ਤਾਂ ਚਾਹੀਦੀ। ਬਾਪ ਕਹਿੰਦੇ ਹਨ ਵਿਨਾਸ਼ ਕਾਲੇ ਵਿਪ੍ਰੀਤ ਬੁੱਧੀ ਕਿਉਂਕਿ ਕਾਇਦੇਸਿਰ ਬਾਪ ਨਾਲ ਪ੍ਰੀਤ ਨਹੀਂ ਹੈ।

ਬਾਪ ਤੁਸੀਂ ਬੱਚਿਆਂ ਨੂੰ ਸਮਝਾਉਂਦੇ ਹਨ ਕਿ ਵਿਨਾਸ਼ ਕਾਲੇ ਵਿਪ੍ਰੀਤ ਬੁੱਧੀ ਦਾ ਅਸਲ ਅਰ੍ਥ ਕੀ ਹੈ? ਬੱਚੇ ਹੀ ਪੂਰਾ ਨਹੀਂ ਸਮਝ ਸਕਦੇ ਹਨ ਤਾਂ ਫੇਰ ਉਹ ਕੀ ਸਮਝਣਗੇ? ਬਾਪ ਨੂੰ ਯਾਦ ਕਰਨਾ - ਇਹ ਤਾਂ ਹੋਈ ਗੁਪਤ ਗੱਲ। ਪੜ੍ਹਾਈ ਤਾਂ ਗੁਪਤ ਨਹੀਂ ਹੈ ਨਾ। ਪੜ੍ਹਾਈ ਵਿੱਚ ਨੰਬਰਵਾਰ ਹੁੰਦੇ ਹਨ। ਇੱਕ ਜਿਹਾ ਥੋੜ੍ਹੇਹੀ ਪੜ੍ਹਣਗੇ। ਬਾਬਾ ਸਮਝਦੇ ਹਨ ਹਜ਼ੇ ਤਾਂ ਬੇਬੀ ਹੈ। ਇਵੇਂ ਬੇਹੱਦ ਦੇ ਬਾਪ ਨੂੰ ਤਿੰਨ - ਤਿੰਨ, ਚਾਰ - ਚਾਰ ਮਹੀਨੇ ਯਾਦ ਵੀ ਨਹੀਂ ਕਰਦੇ ਹਨ। ਪਤਾ ਕਿਵੇਂ ਪਵੇ ਕਿ ਯਾਦ ਕਰਦੇ ਹਨ? ਬਾਪ ਨੂੰ ਪੱਤਰ ਤੱਕ ਨਹੀਂ ਲਿੱਖਦੇ ਕਿ ਬਾਬਾ ਮੈਂ ਕਿਵੇਂ - ਕਿਵੇਂ ਚੱਲ ਰਿਹਾ ਹਾਂ, ਕੀ - ਕੀ ਸਰਵਿਸ ਕਰਦਾ ਹਾਂ? ਬਾਪ ਨੂੰ ਬੱਚਿਆਂ ਦੀ ਕਿੰਨੀ ਫ਼ਿਕਰ ਰਹਿੰਦੀ ਹੈ ਕਿ ਕਿਤੇ ਬੱਚਾ ਮੁਰਛਿਤ ਤਾਂ ਨਹੀਂ ਹੋ ਗਿਆ ਹੈ, ਕਿਤੇ ਬੱਚਾ ਮਰ ਤਾਂ ਨਹੀਂ ਗਿਆ? ਕਈ ਤਾਂ ਬਾਬਾ ਨੂੰ ਕਿੰਨਾ ਚੰਗਾ - ਚੰਗਾ ਸਰਵਿਸ ਸਮਾਚਾਰ ਲਿੱਖਦੇ ਹਨ। ਬਾਪ ਵੀ ਸਮਝਦੇ, ਬੱਚਾ ਜਿਉਂਦਾ ਹੈ। ਸਰਵਿਸ ਕਰਨ ਵਾਲੇ ਬੱਚੇ ਕਦੀ ਲੁੱਕ ਨਹੀਂ ਸਕਦੇ। ਬਾਪ ਤਾਂ ਹਰ ਬੱਚੇ ਦਾ ਦਿਲ ਲੈਂਦੇ ਹਨ ਕਿ ਕਿਹੜਾ ਬੱਚਾ ਕਿਵੇਂ ਹੈ? ਦੇਹ - ਅਭਿਮਾਨ ਦੀ ਬਿਮਾਰੀ ਬਹੁਤ ਕੜੀ ਹੈ। ਬਾਬਾ ਮੁਰਲੀ ਵਿੱਚ ਸਮਝਾਉਂਦੇ ਹਨ, ਕਈਆਂ ਨੂੰ ਤਾਂ ਗਿਆਨ ਦਾ ਉਲਟਾ ਨਸ਼ਾ ਚੜ੍ਹ ਜਾਂਦਾ ਹੈ, ਹੰਕਾਰ ਆ ਜਾਂਦਾ ਹੈ ਫੇਰ ਯਾਦ ਵੀ ਨਹੀਂ ਕਰਦੇ, ਪੱਤਰ ਵੀ ਨਹੀਂ ਲਿੱਖਦੇ। ਤਾਂ ਬਾਪ ਵੀ ਯਾਦ ਕਿਵੇਂ ਕਰਣਗੇ? ਯਾਦ ਨਾਲ ਯਾਦ ਮਿਲਦੀ ਹੈ। ਹੁਣ ਤੁਸੀਂ ਬੱਚੇ ਬਾਪ ਨੂੰ ਪੂਰੀ ਤਰ੍ਹਾਂ ਜਾਣਕੇ ਯਾਦ ਕਰਦੇ ਹੋ, ਦਿਲ ਨਾਲ ਮਹਿਮਾ ਕਰਦੇ ਹੋ। ਕਈ ਬੱਚੇ ਬਾਪ ਨੂੰ ਸਧਾਰਨ ਸਮਝਦੇ ਹਨ ਇਸਲਈ ਯਾਦ ਨਹੀਂ ਕਰਦੇ। ਬਾਬਾ ਕੋਈ ਭਭਕਾ ਆਦਿ ਥੋੜ੍ਹੇਹੀ ਵਿਖਾਏਗਾ। ਭਗਵਾਨੁਵਾਚ, ਮੈਂ ਤੁਹਾਨੂੰ ਵਿਸ਼ਵ ਦੀ ਰਾਜਾਈ ਦੇਣ ਦੇ ਲਈ ਰਾਜਯੋਗ ਸਿਖਾਉਂਦਾ ਹਾਂ। ਤੁਸੀਂ ਇਵੇਂ ਥੋੜ੍ਹੇਹੀ ਸਮਝਦੇ ਹੋ ਕਿ ਅਸੀਂ ਵਿਸ਼ਵ ਦੀ ਬਾਦਸ਼ਾਹੀ ਲੈਣ ਦੇ ਲਈ ਬੇਹੱਦ ਦੇ ਬਾਪ ਤੋਂ ਪੜ੍ਹਦੇ ਹਾਂ। ਇਹ ਨਸ਼ਾ ਹੋਵੇ ਤਾਂ ਅਪਾਰ ਖੁਸ਼ੀ ਦਾ ਪਾਰਾ ਸਦਾ ਚੜ੍ਹਿਆ ਰਹੇ। ਗੀਤਾ ਪੜ੍ਹਨ ਵਾਲੇ ਭਾਵੇਂ ਕਹਿੰਦੇ ਹਨ - ਸ਼੍ਰੀਕ੍ਰਿਸ਼ਨ ਭਗਵਾਨੁਵਾਚ, ਮੈਂ ਰਾਜਯੋਗ ਸਿਖਾਉਂਦਾ ਹਾਂ, ਬਸ। ਉਨ੍ਹਾਂ ਨੂੰ ਰਾਜਾਈ ਪਾਉਣ ਦੀ ਖੁਸ਼ੀ ਥੋੜ੍ਹੇਹੀ ਰਹੇਗੀ। ਗੀਤਾ ਪੜ੍ਹਕੇ ਪੂਰੀ ਕੀਤੀ ਅਤੇ ਗਏ ਆਪਣੇ - ਆਪਣੇ ਧੰਧੇਧੋਰੀ ਵਿੱਚ। ਤੁਹਾਨੂੰ ਤਾਂ ਹੁਣ ਬੁੱਧੀ ਵਿੱਚ ਹੈ ਕਿ ਸਾਨੂੰ ਬੇਹੱਦ ਦਾ ਬਾਪ ਪੜ੍ਹਾਉਂਦੇ ਹਨ। ਉਨ੍ਹਾਂ ਨੂੰ ਇਵੇਂ ਬੁੱਧੀ ਵਿੱਚ ਨਹੀਂ ਆਏਗਾ। ਤਾਂ ਪਹਿਲੇ - ਪਹਿਲੇ ਕੋਈ ਵੀ ਆਏ ਤਾਂ ਉਨ੍ਹਾਂ ਨੂੰ ਦੋ ਬਾਪ ਦਾ ਪਰਿਚੈ ਦੇਣਾ ਹੈ। ਬੋਲੋ ਭਾਰਤ ਸ੍ਵਰਗ ਸੀ, ਹੁਣ ਨਰਕ ਹੈ । ਇਹ ਕਲਯੁਗ ਹੈ, ਇਸਨੂੰ

ਸ੍ਵਰਗ ਥੋੜ੍ਹੇ ਹੀ ਕਹਾਂਗੇ। ਇਵੇਂ ਤਾਂ ਨਹੀਂ ਕਹਿਣਗੇ ਕਿ ਸਤਿਯੁਗ ਵਿੱਚ ਵੀ ਹਾਂ, ਕਲਯੁਗ ਵਿੱਚ ਵੀ ਹਾਂ। ਕਿਸੇ ਨੂੰ ਦੁੱਖ ਮਿਲਿਆ ਤਾਂ ਕਹਿਣਗੇ ਨਰਕ ਵਿੱਚ ਹਾਂ, ਕਿਸੇ ਨੂੰ ਸੁੱਖ ਹੈ ਤਾਂ ਕਹਿਣਗੇ ਸ੍ਵਰਗ ਵਿੱਚ ਹਾਂ। ਇਵੇਂ ਬਹੁਤ ਕਹਿੰਦੇ ਹਨ - ਦੁੱਖੀ ਮਨੁੱਖ ਨਰਕ ਵਿੱਚ ਹਨ, ਅਸੀਂ ਤਾਂ ਬਹੁਤ ਸੁੱਖ ਵਿੱਚ ਬੈਠੇ ਹਾਂ, ਮਹਿਲ ਮਾੜੀਆਂ, ਮੋਟਰਾਂ ਆਦਿ ਹਨ, ਸਮਝਦੇ ਹਨ ਅਸੀਂ ਤਾਂ ਸ੍ਵਰਗ ਵਿੱਚ ਹਾਂ। ਗੋਲਡਨ ਏਜ, ਆਇਰਨ ਏਜ ਇੱਕ ਹੀ ਗੱਲ ਹੈ।

ਤਾਂ ਪਹਿਲੇ - ਪਹਿਲੇ ਦੋ ਬਾਪ ਦੀ ਗੱਲ ਬੁੱਧੀ ਵਿੱਚ ਬਿਠਾਉਣੀ ਹੈ। ਬਾਪ ਹੀ ਖੁਦ ਆਪਣੀ ਪਛਾਣ ਦਿੰਦੇ ਹਨ। ਉਹ ਸ੍ਰਵਵਿਆਪੀ ਕਿਵੇਂ ਹੋ ਸਕਦਾ ਹੈ? ਕੀ ਲੌਕਿਕ ਬਾਪ ਨੂੰ ਸ੍ਰਵਵਿਆਪੀ ਕਹਾਂਗੇ? ਹੁਣ ਤੁਸੀਂ ਚਿੱਤਰ ਵਿੱਚ ਵਿਖਾਉਂਦੇ ਹੋ ਆਤਮਾ ਅਤੇ ਪ੍ਰਮਾਤਮਾ ਦਾ ਰੂਪ ਤਾਂ ਇੱਕ ਹੀ ਹੈ, ਉਸ ਵਿੱਚ ਫ਼ਰਕ ਨਹੀਂ। ਆਤਮਾ ਅਤੇ ਪ੍ਰਮਾਤਮਾ ਕੋਈ ਛੋਟਾ - ਵੱਡਾ ਨਹੀਂ। ਸਭ ਆਤਮਾਵਾਂ ਹਨ, ਉਹ ਵੀ ਆਤਮਾ ਹੈ। ਉਹ ਸਦਾ ਪਰਮਧਾਮ ਵਿੱਚ ਰਹਿੰਦੇ ਹਨ ਇਸਲਈ ਉਨ੍ਹਾਂ ਨੂੰ ਪਰਮ ਆਤਮਾ ਕਿਹਾ ਜਾਂਦਾ ਹੈ। ਸਿਰਫ਼ ਤੁਸੀਂ ਆਤਮਾਵਾਂ ਜਿਵੇਂ ਆਉਂਦੀਆਂ ਹੋ ਉਵੇਂ ਮੈਂ ਨਹੀਂ ਆਉਂਦਾ। ਮੈਂ ਅੰਤ ਵਿੱਚ ਇਸ ਤਨ ਵਿੱਚ ਆਕੇ ਪ੍ਰਵੇਸ਼ ਕਰਦਾ ਹਾਂ। ਇਹ ਗੱਲਾਂ ਕੋਈ ਬਾਹਰ ਦਾ ਸਮਝ ਨਾ ਸਕੇ। ਗੱਲ ਬੜੀ ਸਹਿਜ ਹੈ। ਫ਼ਰਕ ਸਿਰਫ਼ ਇੰਨਾ ਹੈ ਜੋ ਬਾਪ ਦੇ ਬਦਲੇ ਬੈਕੁੰਠਵਾਸੀ ਸ਼੍ਰੀਕ੍ਰਿਸ਼ਨ ਦਾ ਨਾਮ ਪਾ ਦਿੱਤਾ ਹੈ। ਕੀ ਸ਼੍ਰੀਕ੍ਰਿਸ਼ਨ ਨੇ ਬੈਕੁੰਠ ਤੋਂ ਨਰਕ ਵਿੱਚ ਆਕੇ ਰਾਜਯੋਗ ਸਿਖਾਇਆ? ਸ਼੍ਰੀਕ੍ਰਿਸ਼ਨ ਕਿਵੇਂ ਕਹਿ ਸਕਦਾ ਹੈ ਦੇਹ ਸਹਿਤ... ਮਾਮੇਕਮ ਯਾਦ ਕਰੋ। ਦੇਹਧਾਰੀ ਦੀ ਯਾਦ ਨਾਲ ਪਾਪ ਕਿਵੇਂ ਕੱਟਣਗੇ? ਕ੍ਰਿਸ਼ਨ ਤਾਂ ਇੱਕ ਛੋਟਾ ਬੱਚਾ ਅਤੇ ਕਿੱਥੇ ਮੈਂ ਸਧਾਰਨ ਮਨੁੱਖ ਦੇ ਵ੍ਰਿਧ ਤਨ ਵਿੱਚ ਆਉਂਦਾ ਹਾਂ। ਕਿੰਨਾ ਫ਼ਰਕ ਹੋ ਗਿਆ ਹੈ। ਇਸ ਇੱਕ ਭੁੱਲ ਦੇ ਕਾਰਨ ਸਾਰੇ ਮਨੁੱਖ ਪਤਿਤ, ਕੰਗਾਲ ਬਣ ਗਏ ਹਨ। ਨਾ ਮੈਂ ਸ੍ਰਵਵਿਆਪੀ ਹਾਂ, ਨਾ ਕ੍ਰਿਸ਼ਨ ਸ੍ਰਵਵਿਆਪੀ ਹੈ। ਹਰ ਸ਼ਰੀਰ ਵਿੱਚ ਆਤਮਾ ਸ੍ਰਵਵਿਆਪੀ ਹੈ। ਮੈਨੂੰ ਤਾਂ ਆਪਣਾ ਸ਼ਰੀਰ ਵੀ ਨਹੀਂ ਹੈ। ਹਰ ਆਤਮਾ ਨੂੰ ਆਪਣਾ - ਆਪਣਾ ਸ਼ਰੀਰ ਹੈ। ਨਾਮ ਹਰ ਇੱਕ ਸ਼ਰੀਰ ਤੇ ਵੱਖ - ਵੱਖ ਪੈਂਦਾ ਹੈ। ਨਾ ਮੈਨੂੰ ਸ਼ਰੀਰ ਹੈ ਅਤੇ ਨਾ ਮੇਰੇ ਸ਼ਰੀਰ ਦਾ ਕੋਈ ਨਾਮ ਹੈ। ਮੈਂ ਤਾਂ ਬੁੱਢਾ ਸ਼ਰੀਰ ਲੈਂਦਾ ਹਾਂ ਤਾਂ ਇਸਦਾ ਨਾਮ ਬਦਲਕੇ ਬ੍ਰਹਮਾ ਰੱਖਿਆ ਹੈ। ਮੇਰਾ ਤਾਂ ਬ੍ਰਹਮਾ ਨਾਮ ਨਹੀਂ ਹੈ। ਮੈਨੂੰ ਸਦਾ ਸ਼ਿਵ ਹੀ ਕਹਿੰਦੇ ਹਨ। ਮੈਂ ਹੀ ਸ੍ਰਵ ਦਾ ਸਦਗਤੀ ਦਾਤਾ ਹਾਂ। ਆਤਮਾ ਨੂੰ ਸ੍ਰਵ ਦਾ ਸਦਗਤੀ ਦਾਤਾ ਨਹੀਂ ਕਹਾਂਗੇ। ਪ੍ਰਮਾਤਮਾ ਦੀ ਕਦੀ ਦੁਰਗਤੀ ਹੁੰਦੀ ਹੈ ਕੀ? ਆਤਮਾ ਦੀ ਹੀ ਦੁਰਗਤੀ ਅਤੇ ਆਤਮਾ ਦੀ ਹੀ ਸਦਗਤੀ ਹੁੰਦੀ ਹੈ। ਇਹ ਸਭ ਗੱਲਾਂ ਵਿਚਾਰ ਸਾਗਰ ਮੰਥਨ ਕਰਨ ਦੀਆਂ ਹਨ। ਨਹੀਂ ਤਾਂ ਦੂਜਿਆਂ ਨੂੰ ਕਿਵੇਂ ਸਮਝਾਵਾਂਗੇ। ਪਰ ਮਾਇਆ ਇਵੇਂ ਦੁਸੁਰ ਹੈ ਜੋ ਬੱਚਿਆਂ ਦੀ ਬੁੱਧੀ ਅੱਗੇ ਨਹੀਂ ਵੱਧਣ ਦਿੰਦੀ। ਦਿਨ ਭਰ ਝਰਮੁਈ ਝਗਮੁਈ ਵਿੱਚ ਹੀ ਟਾਈਮ ਵੇਸ੍ਟ ਕਰ ਦਿੰਦੇ ਹਨ। ਬਾਪ ਤੋਂ ਪਿਛਾੜਨ ਦੇ ਲਈ ਮਾਇਆ ਕਿੰਨਾ ਫ਼ੋਰਸ ਕਰਦੀ ਹੈ। ਫੇਰ ਕਈ ਬੱਚੇ ਤਾਂ ਟੁੱਟ ਪੈਂਦੇ ਹਨ। ਬਾਪ ਨੂੰ ਯਾਦ ਨਾ ਕਰਨ ਨਾਲ ਅਵਸਥਾ ਅਚਲ - ਅਡੋਲ ਨਹੀਂ ਬਣ ਪਾਉਂਦੀ। ਬਾਪ ਘੜੀ - ਘੜੀ ਖੜਾ ਕਰਦੇ, ਮਾਇਆ ਡਿਗਾ ਦਿੰਦੀ। ਬਾਪ ਕਹਿੰਦੇ ਕਦੀ ਹਾਰ ਨਹੀਂ ਖਾਣੀ ਹੈ। ਕਲਪ - ਕਲਪ ਇਵੇਂ ਹੁੰਦਾ ਹੈ, ਕੋਈ ਨਵੀਂ ਗੱਲ ਨਹੀਂ। ਮਾਇਆਜੀਤ ਅੰਤ ਵਿੱਚ ਬਣ ਹੀ ਜਾਣਗੇ। ਰਾਵਣ ਰਾਜ ਖ਼ਤਮ ਤਾਂ ਹੋਣਾ ਹੀ ਹੈ। ਫੇਰ ਅਸੀਂ ਨਵੀਂ ਦੁਨੀਆਂ ਵਿੱਚ ਰਾਜ ਕਰਾਂਗੇ। ਕਲਪ - ਕਲਪ ਮਾਇਆ ਜੀਤ ਬਣੇ ਹਾਂ। ਅਣਗਿਣਤ ਵਾਰ ਨਵੀਂ ਦੁਨੀਆਂ ਵਿੱਚ ਰਾਜ ਕੀਤਾ ਹੈ। ਬਾਪ ਕਹਿੰਦੇ ਹਨ ਬੁੱਧੀ ਨੂੰ ਸਦਾ ਬਿਜ਼ੀ ਰੱਖੋ ਤਾਂ ਸਦਾ ਸੇਫ਼ ਰਹੋਗੇ। ਇਸ ਨੂੰ ਹੀ ਸਵਦਰ੍ਸ਼ਨ ਚੱਕਰਧਾਰੀ ਕਿਹਾ ਜਾਂਦਾ ਹੈ। ਬਾਕੀ ਇਸ ਵਿੱਚ ਹਿੰਸਾ ਆਦਿ ਦੀ ਗੱਲ ਨਹੀਂ ਹੈ। ਬ੍ਰਾਹਮਣ ਹੀ ਸਵਦਰ੍ਸ਼ਨ ਚੱਕਰਧਾਰੀ ਹੁੰਦੇ ਹਨ। ਦੇਵਤਾਵਾਂ ਨੂੰ ਸਵਦਰ੍ਸ਼ਨ ਚੱਕਰਧਾਰੀ ਨਹੀਂ ਕਹਾਂਗੇ। ਪਤਿਤ ਦੁਨੀਆਂ ਦੀ ਰਸਮ - ਰਿਵਾਜ਼ ਅਤੇ ਦੇਵੀ - ਦੇਵਤਾਵਾਂ ਦੀ ਰਸਮ - ਰਿਵਾਜ਼ ਵਿੱਚ ਬਹੁਤ ਫਰਕ ਹੈ। ਮ੍ਰਿਤੂਲੋਕ ਵਾਲੇ ਹੀ ਪਤਿਤ - ਪਾਵਨ ਬਾਪ ਨੂੰ ਬੁਲਾਉਂਦੇ ਹਨ, ਅਸੀਂ ਪਤਿਤਾਂ ਨੂੰ ਆਕੇ ਪਾਵਨ ਬਣਾਓ। ਪਾਵਨ ਦੁਨੀਆਂ ਵਿੱਚ ਲੈ ਚੱਲੋ। ਤੁਹਾਡੀ ਬੁੱਧੀ ਵਿੱਚ ਹੈ ਅੱਜ ਤੋਂ 5 ਹਜ਼ਾਰ ਵਰ੍ਹੇ ਪਹਿਲੇ ਨਵੀਂ ਪਾਵਨ ਦੁਨੀਆਂ ਸੀ, ਜਿਸਨੂੰ ਸਤਿਯੁਗ ਕਿਹਾ ਜਾਂਦਾ ਹੈ। ਤ੍ਰੇਤਾ ਨੂੰ ਨਵੀਂ ਦੁਨੀਆਂ ਨਹੀਂ ਕਹਾਂਗੇ। ਬਾਪ ਨੇ ਸਮਝਾਇਆ ਹੈ - ਉਹ ਹੈ ਫ਼ਸਟਕਲਾਸ, ਉਹ ਹੈ ਸੈਕਿੰਡ ਕਲਾਸ। ਇੱਕ - ਇੱਕ ਗੱਲ ਚੰਗੀ ਤਰ੍ਹਾਂ ਧਾਰਨ ਕਰਨੀ ਚਾਹੀਦੀ ਜੋ ਕੋਈ ਆਕੇ ਸੁਣੇ ਤਾਂ ਵੰਡਰ ਖਾਏ। ਕੋਈ - ਕੋਈ ਵੰਡਰ ਖਾਂਦੇ ਹਨ, ਪਰ ਫ਼ੁਰਸਤ ਨਹੀਂ ਜੋ ਪੁਰਸ਼ਾਰਥ ਕਰੀਏ। ਫੇਰ ਸੁਣਦੇ ਹਨ ਪਵਿੱਤਰ ਜ਼ਰੂਰ ਬਣਨਾ ਹੈ। ਇਹ ਕਾਮ ਵਿਕਾਰ ਹੀ ਮਨੁੱਖ ਨੂੰ ਪਤਿਤ ਬਣਾਉਂਦਾ ਹੈ, ਉਸਨੂੰ ਜਿੱਤਣ ਨਾਲ ਤੁਸੀਂ ਜਗਤਜੀਤ ਬਣੋਗੇ। ਪਰ ਕਾਮ ਵਿਕਾਰ ਉਨ੍ਹਾਂ ਦੀ ਜਿਵੇਂ ਪੂੰਜੀ ਹੈ, ਇਸਲਈ ਉਹ ਅੱਖਰ ਨਹੀਂ ਬੋਲਦੇ ਹਨ। ਸਿਰਫ਼ ਕਹਿੰਦੇ ਹਨ ਮਨ ਨੂੰ ਵਸ਼ ਵਿੱਚ ਕਰੋ। ਪਰ ਮਨ ਅਮਨ ਉਦੋਂ ਹੋਵੇ ਜਦੋਂ ਸ਼ਰੀਰ ਵਿੱਚ ਨਹੀਂ ਹੋਵੇ। ਬਾਕੀ ਮਨ ਅਮਨ ਤਾਂ ਕਦੀ ਹੁੰਦਾ ਹੀ ਨਹੀਂ। ਦੇਹ ਮਿਲਦੀ ਹੈ ਕਰਮ ਕਰਨ ਦੇ ਲਈ ਫੇਰ ਕਰਮਾਤੀਤ ਅਵਸਥਾ ਵਿੱਚ ਕਿਵੇਂ ਰਹਿਣਗੇ? ਕਰਮਾਤੀਤ ਅਵਸਥਾ ਕਿਹਾ ਜਾਂਦਾ ਹੈ ਮੁਰਦੇ ਨੂੰ। ਜਿਉਂਦੇ ਜੀ ਮੁਰਦਾ ਜਾਂ ਸ਼ਰੀਰ ਤੋਂ ਡਿਟੈਚ। ਬਾਪ ਤੁਹਾਨੂੰ ਸ਼ਰੀਰ ਤੋਂ ਨਿਆਰਾ ਬਣਨ ਦੀ ਪੜ੍ਹਾਈ ਪੜ੍ਹਾਉਂਦੇ ਹਨ। ਸ਼ਰੀਰ ਤੋਂ ਆਤਮਾ ਵੱਖ ਹੈ। ਆਤਮਾ ਪਰਮਧਾਮ ਦੀ ਰਹਿਣ ਵਾਲੀ ਹੈ। ਆਤਮਾ ਸ਼ਰੀਰ ਵਿੱਚ ਆਉਂਦੀ ਹੈ ਤਾਂ ਉਸ ਨੂੰ ਮਨੁੱਖ ਕਿਹਾ ਜਾਂਦਾ ਹੈ। ਸ਼ਰੀਰ ਮਿਲਦਾ ਹੀ ਹੈ ਕਰਮ ਕਰਨ ਦੇ ਲਈ। ਇੱਕ ਸ਼ਰੀਰ ਛੱਡ ਫੇਰ ਦੂਜਾ ਸ਼ਰੀਰ ਕਰਮ ਕਰਨ ਲਈ ਲੈਣਾ ਹੈ। ਸ਼ਾਂਤੀ ਤਾਂ ਉਦੋਂ ਹੋਵੇ ਜਦੋਂ ਸ਼ਰੀਰ ਵਿੱਚ ਨਹੀਂ ਹਾਂ। ਮੂਲਵਤਨ ਵਿੱਚ ਕਰਮ ਹੁੰਦਾ ਨਹੀਂ। ਸੂਖਸ਼ਮਵਤਨ ਦੀ ਤਾਂ ਗੱਲ ਹੀ ਨਹੀਂ। ਸ੍ਰਿਸ਼ਟੀ ਦਾ ਚੱਕਰ ਇੱਥੇ ਫ਼ਿਰਦਾ ਹੈ। ਬਾਪ ਅਤੇ ਸ੍ਰਿਸ਼ਟੀ ਚੱਕਰ ਨੂੰ ਜਾਣਨਾ, ਇਸਨੂੰ ਹੀ ਨਾਲੇਜ਼ ਕਿਹਾ ਜਾਂਦਾ ਹੈ। ਸੂਖਸ਼ਮਵਤਨ ਵਿੱਚ ਨਾ ਚਿੱਟੇ ਪੋਸ਼ਧਾਰੀ, ਨਾ ਸਜੇ ਸਜਾਏ, ਨਾ ਨਾਗ - ਬਲਾਵਾਂ ਪਾਉਣ ਵਾਲੇ ਸ਼ੰਕਰ ਆਦਿ ਹੀ ਹੁੰਦੇ ਹਨ। ਬਾਕੀ ਬ੍ਰਹਮਾ ਅਤੇ ਵਿਸ਼ਨੂੰ ਦਾ ਰਾਜ਼ ਬਾਪ ਸਮਝਾਉਂਦੇ ਰਹਿੰਦੇ ਹਨ। ਬ੍ਰਹਮਾ ਇੱਥੇ ਹੈ। ਵਿਸ਼ਨੂੰ ਦੇ ਦੋ ਰੂਪ ਵੀ ਇੱਥੇ ਹਨ। ਉਹ ਸਿਰਫ਼ ਸ਼ਾਖਸ਼ਤਕਾਰ ਦਾ ਪਾਰ੍ਟ ਡਰਾਮਾ ਵਿੱਚ ਹੈ, ਜੋ ਦਿਵਯ ਦ੍ਰਿਸ਼ਟੀ ਨਾਲ ਵੇਖਿਆ ਜਾਂਦਾ ਹੈ। ਕ੍ਰਿਮਿਨਲ ਅੱਖਾਂ ਨਾਲ ਪਵਿੱਤਰ ਚੀਜ਼ ਵਿਖਾਈ ਨਾ ਪਵੇ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਆਪਣੇ ਆਪ ਨੂੰ ਸਦਾ ਸੇਫ਼ ਰੱਖਣ ਦੇ ਲਈ ਬੁੱਧੀ ਨੂੰ ਵਿਚਾਰ ਸਾਗਰ ਮੰਥਨ ਵਿੱਚ ਬਿਜ਼ੀ ਰੱਖਣਾ ਹੈ। ਸਵਦਰ੍ਸ਼ਨ ਚੱਕਰਧਾਰੀ ਬਣਕੇ ਰਹਿਣਾ ਹੈ। ਝਰਮੁਈ ਝਗਮੁਈ ਵਿੱਚ ਆਪਣਾ ਵਕ਼ਤ ਨਹੀਂ ਗਵਾਣਾ ਹੈ।

2. ਸ਼ਰੀਰ ਤੋਂ ਡਿਟੈਚ ਰਹਿਣ ਦੀ ਪੜ੍ਹਾਈ ਜੋ ਬਾਪ ਪੜ੍ਹਾਉਂਦੇ ਹਨ, ਉਹ ਪੜ੍ਹਨੀ ਹੈ। ਮਾਇਆ ਦੇ ਫ਼ੋਰਸ ਤੋਂ ਬਚਨ ਦੇ ਲਈ ਆਪਣੀ ਅਵਸਥਾ ਅਚਲ - ਅਡੋਲ ਬਣਾਉਣੀ ਹੈ।

ਵਰਦਾਨ:- ਬ੍ਰਹਮਾ ਬਾਪ ਸਮਾਨ ਲਕਸ਼ ਨੂੰ ਲਕਸ਼ਨ ਵਿੱਚ ਲਿਆਉਣ ਵਾਲੇ ਪ੍ਰਤੱਖ ਸੈਮਪਲ ਬਣ ਸਰਵ ਦੇ ਸਹਿਯੋਗੀ ਭਵ

ਜਿਵੇਂ ਬ੍ਰਹਮਾ ਬਾਪ ਨੇ ਖੁਦ ਨੂੰ ਨਿਰੰਤਰ ਐਕਜਾਮਪਲ ਬਣਾਇਆ, ਸਦਾ ਇਹ ਲਕਸ਼ ਲਕਸ਼ਨ ਵਿੱਚ ਲਿਆਉਂਦਾ - ਜੋ ਓਟੇ ਸੋ ਅਰਜੁਨ, ਇਸ ਨਾਲ ਨੰਬਰਵਨ ਬਣੇ। ਤਾਂ ਇਵੇਂ ਫ਼ਾਲੋ ਫ਼ਾਦਰ ਕਰੋ। ਕਰਮ ਦਵਾਰਾ ਸਦਾ ਖੁਦ ਜੀਵਨ ਵਿੱਚ ਗੁਣ ਮੂਰਤ ਬਣ, ਪ੍ਰਤੱਖ ਸੈਂਪਲ ਬਣ ਹੋਰਾਂ ਦੀ ਸਹਿਜ ਗੁਣ ਧਾਰਨ ਕਰਨ ਦਾ ਸਹਿਯੋਗ ਦਵੋ - ਇਸਨੂੰ ਕਹਿੰਦੇ ਹਨ ਗੁਣਦਾਨ। ਦਾਨ ਦਾ ਅਰਥ ਹੀ ਹੈ ਸਹਿਯੋਗ ਦੇਣਾ। ਕੋਈ ਵੀ ਆਤਮਾ ਗੁਣ ਸੁਣਨ ਦੇ ਬਜਾਏ ਪ੍ਰਤੱਖ ਦੇਖਣਾ ਚਾਹੁੰਦੀ ਹੈ। ਤਾਂ ਪਹਿਲੇ ਖੁਦ ਨੂੰ ਗੁਣਮੂਰਤ ਬਣਾਓ।

ਸਲੋਗਨ:- ਸਰਵ ਦੀ ਨਿਰਾਸ਼ਾਵਾਂ ਦਾ ਹਨ੍ਹੇਰਾ ਦੂਰ ਕਰਨ ਵਾਲੇ ਹੀ ਗਿਆਨ ਦੀਪਕ ਹਨ।

******